ਤੇਰ੍ਹਵਾਂ ਸਮਾਗਮ
ਅਤਿ ਜਰੂਰੀ

ਪੰਜਾਬ ਵਿਧਾਨ ਸਭਾ ਸਕੱਤਰੇਤ
(ਵਾਚ ਐਂਡ ਵਾਰਡ ਅਫ਼ਸਰ ਸ਼ਾਖਾ)
ਨੰ:12/ਵ.ਵ.ਅ./2002/ 15175

ਸੇਵਾ ਵਿਖੇ

ਸਮੂਹ ਮੈਂਬਰ ਸਾਹਿਬਾਨ,
ਪੰਜਾਬ ਵਿਧਾਨ ਸਭਾ,

ਮਿਤੀ ਚੰਡੀਗੜ੍ਹ: 16 ਅਕਤੂਬਰ, 2020.

ਵਿਸ਼ਾ: ਮਿਤੀ 19.10.2020 ਨੂੰ ਹੋਣ ਜਾ ਰਹੇ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸਮਾਗਮ ਸਬੰਧੀ।

ਸ਼੍ਰੀਮਾਨ/ਸ਼੍ਰੀਮਤੀ ਜੀ,

ਮਾਨਯੋਗ ਸਪੀਕਰ ਸਾਹਿਬ ਦੀ ਇੱਛਾ ਅਨੁਸਾਰ ਮੈਂ ਆਪ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦੀ ਹਾਂ ਕਿ ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕਿ ਪੰਜਾਬ ਵਿਧਾਨ ਸਭਾ ਦਾ ਅਗਲਾ ਸਮਾਗਮ ਮਿਤੀ 19.10.2020 ਨੂੰ ਸ਼ੁਰੂ ਹੋ ਰਿਹਾ ਹੈ ਅਤੇ ਕੋਰੋਨਾ ਮਹਾਂਮਾਰੀ ਦੇ ਕਾਰਨ ਪੈਦਾ ਹੋਏ ਵਿਸ਼ੇਸ਼ ਹਾਲਾਤ ਵਿੱਚ ਬੁਲਾਏ ਗਏ ਇਸ ਵਿਸ਼ੇਸ਼ ਸਮਾਗਮ ਵਿੱਚ ਸਰਕਾਰ ਦੁਆਰਾ ਸਮੇਂ-ਸਮੇਂ ਤੇ ਜਾਰੀ ਕੀਤੇ ਗਏ ਸਾਰੇ ਪ੍ਰੋਟੋਕੋਲਜ਼ ਨੂੰ ਫੋਲੋ ਕਰਨਾ ਅਤਿ ਜਰੂਰੀ ਬਣ ਜਾਂਦਾ ਹੈ।

ਮੈਂ ਆਪ ਜੀ ਦੇ ਧਿਆਨ ਵਿੱਚ ਇਹ ਵੀ ਲਿਆਉਣਾ ਚਾਹੁੰਦੀ ਹਾਂ ਕਿ ਵੱਖ-ਵੱਖ ਨਿਊਜ਼ ਚੈਨਲਾਂ, ਅਖਬਾਰਾਂ ਅਤੇ ਸੋਸ਼ਲ ਮੀਡੀਆ ਰਾਹੀ ਆ ਰਹੀ ਜਾਣਕਾਰੀ ਅਨੁਸਾਰ ਪੰਜਾਬ ਦੇ ਬਹੁਤ ਸਾਰੇ ਸੂਬਿਆਂ ਵਿੱਚ ਕਰੋਨਾ ਮਹਾਂਮਾਰੀ ਅਸਰ ਦੇਖਣ ਵਿੱਚ ਆ ਰਿਹਾ ਹੈ, ਜਿਸ ਕਾਰਨ ਇਸ ਮਹਾਂਮਾਰੀ ਦੇ ਫੈਲਾਅ ਨੂੰ ਰੋਕਣ ਅਤੇ ਸਾਰੇ ਮਾਨਯੋਗ ਮੈਂਬਰਾਂ, ਅਧਿਕਾਰੀਆਂ/ਕਰਮਚਾਰੀਆਂ ਦੀ ਸਿਹਤਯਾਬੀ ਦੇ ਮੰਤਵ ਨਾਲ ਕੋਰੋਨਾ ਟੈਸਟ ਕਰਵਾਉਣਾ ਉਚਿਤ ਹੋਵੇਗਾ। ਇਸ ਟੈਸਟ ਸਬੰਧੀ ਸਾਰੇ ਪ੍ਰਬੰਧ ਪੰਜਾਬ ਵਿਧਾਨ ਸਭਾ ਸਕੱਤਰੇਤ ਵੱਲੋਂ ਸਿਹਤ ਵਿਭਾਗ ਅਤੇ ਸਾਰੇ ਡਿਪਟੀ ਕਮਿਸ਼ਨਰਜ਼ ਦੇ ਸਹਿਯੋਗ ਨਾਲ ਮਾਨਯੋਗ ਮੈਂਬਰਾਂ ਦੀ ਸੁਵਿਧਾ ਅਨੁਸਾਰ ਮਿਤੀ 16.10.2020 ਅਤੇ 18.10.2020 ਦੇ ਸਮੇਂ ਦੌਰਾਨ ਕਰਵਾਏ ਜਾ ਰਹੇ ਹਨ।

ਉਪਰੋਕਤ ਦੇ ਮੱਦੇ-ਨਜ਼ਰ ਮੇਰੀ ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਦੇ ਜ਼ਿਲ੍ਹੇ ਦੀ ਮੈਡੀਕਲ ਟੀਮ/ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਆਪ ਜੀ ਨਾਲ ਰਾਬਤਾ ਕਾਇਮ ਕੀਤਾ ਜਾਵੇਗਾ ਅਤੇ ਆਪ ਜੀ ਦੀ ਸੁਵਿਧਾ ਅਨੁਸਾਰ ਸਿਹਤ ਵਿਭਾਗ ਦੀ ਟੀਮ ਵੱਲੋਂ ਆਪ ਜੀ ਦਾ ਕਰੋਨਾ ਸਬੰਧੀ ਟੈਸਟ ਕਰਵਾ ਕੇ ਟੈਸਟ ਦੀ ਰਿਪੋਰਟ ਆਪ ਜੀ ਨੂੰ ਸੌਂਪ ਦਿੱਤੀ ਜਾਵੇਗੀ ਜੋ ਕਿ ਨੈਗੇਟਿਵ ਹੋਣ ਤੇ ਆਪ ਜੀ ਵੱਲੋਂ ਵਿਧਾਨ ਸਭਾ ਸਮਾਗਮ ਅਟੈਂਡ ਕਰਦੇ ਸਮੇਂ ਨਾਲ ਰੱਖਣੀ ਉਚਿਤ ਹੋਵੇਗੀ।

ਕਰੋਨਾ ਮਹਾਂਮਾਰੀ ਕਾਰਨ ਪੈਦਾ ਹੋਏ ਹਾਲਾਤ ਦੇ ਮੱਦੇ-ਨਜ਼ਰ ਉਕਤ ਸਬੰਧੀ ਆਪ ਜੀ ਨੂੰ ਹੋਣ ਵਾਲੀ ਅਸੁਵਿਧਾ ਲਈ ਖੇਦ ਪ੍ਰਗਟ ਕੀਤਾ ਜਾਂਦਾ ਹੈ ਅਤੇ ਉਕਤ ਮੰਤਵ ਦੀ ਪੂਰਤੀ ਲਈ ਮਾਨਯੋਗ ਸਪੀਕਰ ਸਾਹਿਬ ਆਪ ਜੀ ਤੋਂ ਪੂਰਨ ਸਹਿਯੋਗ ਦੀ ਆਸ ਰੱਖਦੇ ਹਨ।

ਆਦਰ ਸਹਿਤ

16.10.20
ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ।